# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀ ਅਨੁਪੂਰਕ ਪ੍ਰੀਖਿਆ ਚੱਲ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਦੇ ਅਕਾਲ ਚਲਾਣਾ ਕਰ ਜਾਣ ਕਾਰਨ ਮਿਤੀ 17.8.2018 ਅਤੇ ਈਦ-ਉੱਲ-ਜ਼ੂਹਾ (ਬਕਰੀਦ) ਹੋਣ ਕਰਕੇ ਮਿਤੀ 22.8.2018 ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਦੇ ਸਮੂਹ ਦਫਤਰਾਂ/ਬੋਰਡ ਕਾਰਪੋਰੇਸ਼ਨਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਛੁੱਟੀ ਘੋਸਿਤ ਕੀਤੀ ਗਈ। ਜਿਸ ਕਾਰਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਨਾਂ ਮਿਤੀਆਂ ਨੂੰ ਹੋਣ ਵਾਲੀ ਪ੍ਰੀਖਿਆ ਮੁਲਤਵੀ ਕੀਤੀ ਗਈ ਸੀ। ਹੁਣ ਮਿਤੀ 17.8.2018 ਨੂੰ ਦਸਵੀਂ ਸ਼੍ਰੇਣੀ ਦੇ ਵਿਗਿਆਨ ਬਾਰਵੀਂ ਸ਼੍ਰੇਣੀ ਦੇ ਕੰਪਿਊਟਰ ਐਪਲੀਕੇਸ਼ਨ ਅਤੇ ਜਨਰਲ ਫਾਊਂਡੇਸ਼ਨ ਕੋਰਸ ਵਿਸ਼ਿਆਂ ਦੀ ਮੁਲਤਵੀ (Postpone) ਕੀਤੀ ਗਈ ਪ੍ਰੀਖਿਆ ਮਿਤੀ 1.9.2018 (ਸਨਿੱਚਰਵਾਰ) ਨੂੰ ਅਤੇ 22.8.2018 ਨੂੰ ਦਸਵੀਂ ਸ਼੍ਰੇਣੀ ਦੀ (ਸੰਗੀਤ ਗਾਇਨ) ਅਤੇ ਬਾਰਵੀਂ ਸ਼੍ਰੇਣੀ ਦੇ (ਫਿਜੀਕਲ ਐਜੂਕੇਸ਼ਨ ਐਂਡ ਸਪੋਰਟਸ, ਇਨਸ਼ੋਰੈਸ, ਬਾਇਓਟੈਕਨਾਲੋਜੀ) ਵਿਸ਼ਿਆਂ ਦੀ ਮੁਲਤਵੀ (Postpone) ਕੀਤੀ ਗਈ ਪ੍ਰੀਖਿਆ ਮਿਤੀ 4.9.2018 (ਮੰਗਲਵਾਰ) ਨੂੰ ਪਹਿਲਾਂ ਨਿਰਧਾਰਤ ਸਮੇਂ ਅਤੇ ਪ੍ਰੀਖਿਆ ਕੇਂਦਰਾਂ ਤੇ ਹੋਵੇਗੀ। ਇਸ ਸਬੰਧੀ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਵੀ ਉਪਲਬਧ ਹੈ ।

ਸਕੱਤਰ